# ਸ਼ਹੀਦ ਕਰਤਾਰ ਸਿੰਘ ਸਰਾਭੇ ਦਾ ਅਦਾਲਤੀ ਬਿਆਨ — ਕੁੱਝ ਅੰਸ਼

ਮਲਵਿੰਦਰ ਜੀਤ ਸਿੰਘ ਵੜੈਚ



ਅਦਾਲਤੀ ਕਾਰਵਾਈ ਸ਼ੁਰੂ ਹੁੰਦੀ ਹੈ ਦੋਸ਼ੀਆਂ ਵਿਰੁੱਧ ਗਵਾਂਹੀਆਂ ਤੋਂ, ਫਿਰ ਹਰੇਕ ਦੋਸ਼ੀ ਨੂੰ ਵਾਰੀ-ਵਾਰੀ ਉਹਦੇ ਤੇ ਲਾਏ ਇਲਜ਼ਾਮਾਂ ਬਾਰੇ ਉਹਦੇ ਪੱਖ ਦਾ ਉੱਲੇਖ, ਤੇ ਸਭ ਤੋਂ ਪਿੱਛੋਂ ਸਫਾਈ ਦੇ ਗਵਾਹਾਂ ਦੇ ਬਿਆਨ। ਇਸ ਸਿਲਸਿਲੇ 'ਚ ਸ਼ਹੀਦ ਸਰਾਭਾ ਦਾ ਹੇਠਲਾ ਬਿਆਨ 16 ਜੂਨ 1915 ਨੂੰ ਲਿਆ ਗਿਆ ਸੀ:—

ਮੁਲਜ਼ਮ ਨੰ. 39 ਕਰਤਾਰ ਸਿੰਘ ਸਪੁੱਤਰ ਮੰਗਲ ਸਿੰਘ ਸਰਾਭਾ, ਉਮਰ 18 ਸਾਲ, ਜੱਟ, ਸਰਾਭਾ।

ਸਵਾਲ: ਕੀ ਤੁਸੀਂ 23 ਜਵਨਰੀ 1915 ਨੂੰ ਸਾਹਨੇਵਾਲ (ਲੁਧਿਆਣਾ) ਦੀ ਡਕੈਤੀ 'ਚ ਭਾਗ ਲਿਆ ਸੀ?

ਜਵਾਬ: ਹਾਂ, ਲਿਆ ਸੀ। ਚਾਰ-ਪੰਜ ਦਿਨ ਪਹਿਲਾਂ ਅੰਮ੍ਰਿਤਸਰ ਇੱਕ ਮੀਟਿੰਗ 'ਚ ਅਸਾਂ ਆਪਣੇ ਵਿਚਾਰਾਂ ਦੇ ਪ੍ਰਚਾਰ ਲਈ ਅਖ਼ਬਾਰ ਜਾਰੀ ਕਰਨ ਦਾ ਫੈਸਲਾ ਤਾਂ ਕਰ ਲਿਆ, ਪਰ ਉਹਦੇ ਲਈ ਵੱਡੀ ਰਕਮ ਚਾਹੀਦੀ ਸੀ, ਜਿਸ ਲਈ ਕੁੱਝ ਵਿਅਕਤੀਆਂ ਨੇ ਮਾਇਕ ਸਹਾਇਤਾ ਦੀ ਪੇਸ਼ਕਸ਼ ਵੀ ਕੀਤੀ, ਪਰ ਉਹਦੇ ਨਾਲ ਸਾਡਾ ਕੰਮ ਨਹੀਂ ਸੀ ਬਣ ਸਕਣਾ, ਸੋ ਅਸਾਂ ਤੈਅ ਕੀਤਾ ਕਿ ਕਿਸੇ ਅਮੀਰ ਆਦਮੀ ਕੋਲੋਂ ਪੈਸਿਆਂ ਦੀ ਮੰਗ ਕਰਾਂਗੇ, ਉਹਦੇ ਨਾਂਹ-ਨੁਕਰ ਕਰਨ ਤੇ ਲੋੜੀਂਦੀ ਰਕਮ ਜ਼ਬਰਦਸਤੀ ਖੋਹ ਲਵਾਂਗੇ। ਯੋਜਨਾ ਅਨੁਸਾਰ ਅਸੀਂ ਸਾਹਨੇਵਾਲ ਦੇ ਇੱਕ ਸਾਹੂਕਾਰ ਨੂੰ ਨਿਸ਼ਾਨਾ ਬਣਾਕੇ 8-10 ਸਾਥੀ ਰਾਤੀ ਉਹਦੇ ਘਰ ਪਹੁੰਚੇ, ਪਰ ਚੂੰਕਿ ਉਹਦਾ, ਘਰ ਸਾਹਨੇਵਾਲ ਥਾਣੇ ਦੇ ਬਹੁਤ ਨੇੜੇ ਸੀ, ਜਿਸ ਕਾਰਨ ਮੇਰੀ ਡਿਊਟੀ ਥਾਣੇ ਵੱਲੋਂ ਘਰ ਵੱਲ ਨ ਜਾਂਦੀ ਸੜਕ ਤੇ, ਬੰਬਾਂ ਨਾਲ ਲੈਸ ਹੋਕੇ ਪਹਿਰਾ ਦੇਣ ਦੀ ਲਾਈ ਗਈ ਸੀ, ਤਾਕਿ ਪੁਲਿਸ ਦੇ ਆਉਣ ਦੀ ਸੂਰਤ 'ਚ ਉਹਨਾਂ ਨੂੰ ਬੰਬ ਚਲਾਕੇ ਰੋਕ ਸਕਾਂ। ਬਦਕਿਸਮਤੀ ਨਾਲ ਸਾਡੇ ਇੱਕ ਸਾਥੀ ਨੇ, ਜਦੋਂ ਸਾਹੂਕਾਰ ਉਹਨੂੰ ਫੜਣ ਲੱਗਾ, ਤਾਂ ਉਹਨੂੰ ਜ਼ਖਮੀ ਕਰ ਦਿੱਤਾ, ਜੋ ਅਗਲੇ ਦਿਨ ਅਖ਼ਬਾਰਾਂ 'ਚ ਛਪੀਆਂ ਖ਼ਬਰਾਂ ਅਨੁਸਾਰ ਦਮ ਤੋੜ ਗਿਆ ਸੀ।

ਸਵਾਲ: ਕੀ ਤੁਸੀਂ ਇਹ ਬਿਆਨ ਆਪਣੀ ਮਰਜੀ ਨਾਲ ਤੇ ਇਹਦੇ ਸਿੱਟਿਆਂ ਬਾਰੇ ਜਾਣਕਾਰੀ ਹੁੰਦਿਆਂ ਦਿੱਤਾ ਹੈ?

ਜਵਾਬ: ਮੈਂ ਇਹ ਬਿਆਨ ਪੂਰੀ ਸੂਝ-ਬੂਝ ਨਾਲ ਹੀ ਦਿੱਤਾ ਹੈ।

ਅਦਾਲਤੀ ਟਿੱਪਣੀ: ਸਾਡੀ ਰਾਏ 'ਚ ਦੋਸ਼ੀ ਸਭ ਕੁੱਝ ਸਮਝਦਾ ਹੈ (ਬਿਆਨ ਪੰਜਾਬੀ ਵਿੱਚ ਪੜ੍ਹ ਕੇ ਸੁਨਾਇਆ ਗਿਆ।) (ਉਕਤ ਬਿਆਨ) ਸਾਡੀ ਹਾਜ਼ਰੀ 'ਚ ਦਰਜ ਕੀਤਾ ਗਿਐ ਅਤੇ ਦੋਸ਼ੀ ਦੇ ਬਿਆਨ ਦੀ ਮੁਕਮਲ ਤੇ ਸਹੀ ਜਾਣਕਾਰੀ ਅਨੁਸਾਰ ਹੀ ਹੈ।

ਨੋਟ: ਅਸੀਂ ਵਿਚਾਰ ਕਰਾਂਗੇ ਕਿ ਅਸੀਂ ਦੋਸ਼ੀ ਕੋਲੋਂ ਹੋਰ ਸਵਾਲ ਪੁਛਣੇ ਹਨ; ਤੇ ਪੁਛਣੇ ਹਨ ਤਾਂ ਕਿਹੜੇ-ਕਿਹੜੇ ।

16.6.1915

[ਜਿਕਰਯੋਗ ਹੈ ਕਿ ਅਜੇਹਾ ਸਵਾਲ ਅਦਾਲਤ ਵੱਲੋਂ ਕਿਸੇ ਵੀ ਹੋਰ ਦੋਸ਼ੀ ਨੂੰ ਨਹੀਂ ਸੀ ਪੁਛਿਆ ਗਿਆ ਤੇ ਨਾਲੇ ਜੱਜਾਂ ਨੇ ਦੂਸਰਾ ਬਿਆਨ ਇੱਕ ਦਿਨ ਛੱਡ ਕੇ ਅਗਲੇ ਦਿਨ ਲੈਣਾ ਹੀ ਠੀਕ ਸਮਝਿਆ ਤਾਂ ਕਿ ਦੋਸ਼ੀ ਨੂੰ ਆਪਣੇ ਪਹਿਲੇ ਦਿੱਤੇ ਬਿਆਨ ਬਾਰੇ 'ਠੰਡੇ ਦਿਮਾਗ' ਨਾਲ ਪੁਨਰ-ਵਿਚਾਰ ਕਰਨ ਦੀ ਮੋਹਲਤ ਮਿਲ ਜਾਏ।]

ਮਿਤੀ 18.6.1915 (ਕੁੱਝ ਕੁ ਸਵਾਲ)

ਸਵਾਲ 1: ਕੀ ਤੁਸੀਂ ਅਮਰੀਕਾ 'ਚ ਹਰਦਿਆਲ ਦੇ ਭਾਈਵਾਲ ਤੇ ਗ਼ਦਰ ਪਾਰਟੀ ਦੇ ਮੈਂਬਰ ਸੀ?

ਜਵਾਬ: ਹਾਂ।

ਸਵਾਲ 2: ਕੀ ਤੁਸੀਂ ਆਪਣਾ ਕੰਮ ਕਾਰ ਛੱਡ ਕੇ 'ਗ਼ਦਰ' ਅਖ਼ਬਾਰ ਦੇ ਮਸਲੇ 'ਚ ਸ਼ਾਮਲ ਹੋ ਗਏ ਸੀ?

ਜਵਾਬ: ਹਾਂ।

ਸਵਾਲ 3: ਕੀ ਤੁਸੀਂ ਅਸਟੋਰੀਆ ਅਤੇ ਸੈਕਰਾਮੈਂਟੋ 'ਚ ਮਈ 1913 ਅਤੇ ਫਰਵਰੀ 1914 ਦੌਰਾਨ ਹੋਏ ਵਿਦਰੋਹੀ ਜੱਲਸਿਆਂ 'ਚ ਹਾਜ਼ਰ ਸਾਉ?

ਜਵਾਬ: ਹਾਂ, ਪਰ ਇਹਨਾਂ ਜੱਲਸਿਆਂ 'ਚ ਕੀਤੀਆਂ ਤਕਰੀਰਾਂ ਨੂੰ ਅਮਰੀਕਾ ਵਿੱਚ ਵਿਦਰੋਹੀ ਨਹੀਂ ਮੰਨਿਆ ਜਾਂਦਾ; ਉਹ ਵਿਦੇਸ਼ੀ ਵਸਦੇ ਹਿੰਦੀਆਂ ਦੇ ਦੁੱਖ-ਦਰਦਾਂ ਬਾਰੇ ਹੀ ਹੁੰਦੀਆਂ ਸਨ।

ਸਵਾਲ 4: ਕੀ ਉਥੇ ਪੈਸੇ ਵੀ ਇਕੱਠੇ ਕੀਤੇ ਗਏ ਸੀ, ਤੇ ਕੀ ਤੁਸੀਂ ਸੈਕਰਾਮੈਂਟੋ 'ਚ ਤਕਰੀਰ ਕੀਤੀ ਸੀ?

ਜਵਾਬ: ਹਾਂ ਕੀਤੀ ਸੀ, ਪਰ ਪੈਸਿਆਂ ਖਾਤਰ ਨਹੀਂ।

ਸਵਾਲ 5: ਤੁਸੀਂ ਕਦੋਂ ਤੇ ਕਿਹੜੇ ਜਹਾਜ਼ ਤੇ ਭਾਰਤ ਪਰਤੇ ਸੀ?

ਜਵਾਬ: ਮੈਂ ਨਿਪਨ ਮਾਰੂ ਜਹਾਜ਼ ਤੇ ਚਲਿਆ ਸੀ, ਪਰ ਅੱਗੋਂ ਹੋਰ ਕਿਸੇ ਜਹਾਜ਼ (ਜਿਹਦਾ ਨਾਂ ਮੈਨੂੰ ਚੇਤੇ ਨਹੀਂ) ਰਾਹੀਂ 15-16 ਸਤੰਬਰ 1914 ਨੂੰ ਕੋਲੰਬੋ ਪਹੁੰਚ ਗਿਆ ਸਾਂ। ਉਥੋਂ ਆਪਣੇ ਪਿੰਡ ਮੈਂ ਰੇਲਗੱਡੀ ਰਾਹੀਂ ਪਹੁੰਚਿਆ ਸਾਂ। ਭਾਰਤ ਵਿੱਚ ਯੁਗਾਂਤਰ ਆਸ਼ਰਮ ਵਰਗਾ ਆਸ਼ਰਮ ਕਾਇਮ ਕਰਨ ਦਾ ਕਾਰਜ ਮੈਨੂੰ ਸੌਂਪਿਆ ਗਿਆ ਸੀ, ਤੇ ਜਿਸ ਦੁਆਰਾ ਵਿਦੇਸ਼ੀ ਰਹਿੰਦੇ ਹਿੰਦੀਆਂ ਦੀ ਦੁਰਦਸ਼ਾ ਦਰਸਾਉਣ ਦੇ ਮਾਮਲੇ ਨੂੰ ਪਰਕਾਸ਼ਤ ਕਰਨਾ ਸੀ, ਤੇ ਜੇ ਇਹਨੂੰ ਵਿਦਰੋਹੀ ਸਮਝਿਆ ਜਾਂਦਾ ਤਾਂ ਅਜੇਹਾ ਸਾਹਿਤ ਚੋਰੀ-ਛਿਪੇ ਛਾਪਿਆ ਅਤੇ ਵੰਡਿਆ ਜਾਣਾ ਸੀ।

ਸਵਾਲ 7: ਕੀ ਤੁਸੀਂ 19 ਨਵੰਬਰ 1914 ਮਗਰੋਂ ਲਾਹੌਰ ਹਿੰਦੂ ਹੋਟਲ ਠਹਿਰੇ ਸੀ, ਜਿੱਥੇ ਤੁਸੀਂ ਨੌਰੰਗ ਸਿੰਘ ਦੇ ਨਾਂ ਹੇਠਾਂ ਠਹਿਰੇ ਸੀ?

ਜਵਾਬ: ਹਾਂ।

ਸਵਾਲ 10: ਕੀ ਤੁਸੀਂ ਮੀਆਂ ਮੀਰ ਛਾਉਣੀ ਤੇ ਧਾਵੇ ਨੂੰ ਰੋਕਣ ਲਈ ਗਏ ਸੀ ਕਿਉਂਕਿ ਚਾਬੀਆਂ ਦੇ ਇੰਚਾਰਜ ਸਿਪਾਹੀ ਦੀ ਬਦਲੀ ਹੋ ਚੁੱਕੀ ਸੀ?

ਜਵਾਬ: ਸਾਡੀ ਮੀਆਂ ਮੀਰ ਅਸਲਾਹਖਾਨ ਜਾਂ ਕਿਸੇ ਹੋਰ ਰਜਮੈਂਟ ਤੇ ਧਾਵਾ ਬੋਲਣ ਦੀ ਕੋਈ ਯਜਨਾ ਨਹੀਂ ਸੀ ਅਲਬੱਤਾ ਇੱਕ ਵਾਰੀ ਮੈਂ ਗੱਡੀ 'ਚ ਸਫ਼ਰ ਕਰਦਿਆਂ ਇੱਕ ਸਿਪਾਹੀ ਨਾਲ ਗੱਲ ਕੀਤੀ ਕਿ ਵਿਦੇਸ਼ੀ ਰਹਿੰਦੇ ਹਿੰਦੀਆਂ ਨੂੰ ਦਰਪੇਸ਼ ਔਕੜਾਂ ਨੂੰ ਕੋਈ ਰਤੀ ਵੀ ਨਹੀਂ ਗੌਲਦਾ, ਤੇ ਜਿੱਥੇ ਯੋਰੋਪ 'ਚ ਇੱਕ ਬੰਦੇ ਦੀ ਮੌਤ ਤੋਂ ਜੰਗ ਛਿੜ ਜਾਂਦੀ ਹੈ, ਓਥੇ ਸਾਡੀ ਕੋਈ ਖ਼ਬਰ ਸਾਰ ਤੱਕ ਨਹੀਂ ਲੈਂਦਾ। ਓਹਨੇ ਕਿਹਾ ਕਿ ਜੇ ਤੁਸੀਂ ਲੜਣਾ ਚਾਹੁੰਦੇ ਓ ਤਾਂ ਮੈਂ ਆਪਣਾ ਹਥਿਆਰ ਦੇ ਸਕਦਾ ਹਾਂ। ਮੈਂ ਚੁਪ ਰਿਹਾ ਤੇ ਮਗਰੋਂ ਬੱਦੋਵਾਲ ਮੀਟਿੰਗ 'ਚ ਇਹਦਾ ਖੁਲਾਸਾ ਕੀਤਾ। ਨਵਾਬ ਖਾਂ ਨੇ ਜਿਹਦੇ 'ਤੇ ਮੈਂ ਹਮੇਸ਼ਾ ਸੂਹੀਆ ਹੋਣ ਦਾ ਸ਼ਕ ਕਰਦਾ ਸਾਂ, ਸਾਨੂੰ ਕਿਸੇ ਛਾਉਣੀ 'ਤੇ ਹਮਲਾ ਕਰਨ ਲਈ ਹਲਾਸ਼ੇਰੀ ਦਿੱਤੀ ਤਾਂ ਜੋ ਅਸੀਂ ਕੁੜਿਕੀ ਵਿੱਚ ਫਸ ਜਾਈਏ, ਭਾਵ ਫੜੇ ਜਾਈਏ।

ਸਵਾਲ 18: ਕੀ ਤੁਸੀਂ ਦਸੰਬਰ 1914 ਦੇ ਅਖੀਰ 'ਚ ਨਿਧਾਨ ਸਿੰਘ ਚੁਘਾ, ਪੰਡਤ ਪਰਮਾਨੰਦ ਝਾਂਸੀ ਅਤੇ ਪਿੰਗਲੇ ਨਾਲ ਉਥੇ ਰਾਮਸ਼ਰਨ ਦਾਸ ਤਲਵਾੜ ਨੂੰ ਮਿਲਣ ਗਏ ਸੀ ਤੇ ਜ਼ਿਕਰ ਕੀਤਾ ਸੀ ਕਿ ਇੱਕ ਬੰਗਾਲੀ ਬੰਬ ਮਾਹਿਬ ਪੰਜਾਬ ਆ ਰਿਹਾ ਹੈ?

ਜਵਾਬ: ਮੈਂ, ਪਰਮਾਨੰਦ ਝਾਂਸੀ ਅਤੇ ਪਿੰਗਲੇ ਨਾਲ ਕਪੂਰਥਲੇ ਜ਼ਰੂਰ ਗਿਆ ਸਾਂ, ਪਰ ਨਿਧਾਨ ਸਿੰਘ ਸਾਡੇ ਨਾਲ ਨਹੀਂ ਸਨ ਗਏ। ਹਾਂ, ਅਮਰ ਸਿੰਘ ਰਾਜਪੂਤ (ਵਾਦਾ ਮਾਫ਼) ਸਾਡੇ ਨਾਲ ਸੀ, ਅਸੀਂ ਰਾਮ ਸ਼ਰਨ ਦਾਸ ਨੂੰ ਮਿਲੇ ਸਾਂ। ਉਹਦੇ ਨਾਲ ਬੰਗਾਲੀ ਬੰਬ ਮਾਹਿਰ ਬਾਰੇ ਤਾਂ ਕੋਈ ਗੱਲ ਨਹੀਂ ਸੀ ਹੋਈ, ਹਾਂ, ਅਸਾਂ ਉਹਨਾਂ ਨੂੰ ਪਰਚਾ ਜਾਰੀ ਕਰਨ 'ਚ ਸਹਿਯੋਗ ਦੀ ਮੰਗ ਜ਼ਰੂਰ ਕੀਤੀ ਸੀ।

ਸਵਾਲ 21: ਕੀ ਤੁਸੀਂ (31 ਦਸੰਬਰ 1914 ਤੋਂ ਮਗਰੋਂ) ਫੌਜੀਆਂ ਨੂੰ ਬਗਾਵਤ ਲਈ ਉਕਸਾਉਣ ਲਈ ਫਿਰੋਜ਼ਪੁਰ ਗਏ ਸੀ ਤੇ ਫਿਰ ਲੋਹਟਬੱਦੀ ਚਲੇ ਗਏ ਸੀ?

ਜਵਾਬ: ਮੈਂ ਫੌਜੀਆਂ ਨੂੰ ਉਕਸਾਉਣ ਲਈ ਫਿਰੋਜ਼ਪੁਰ ਤਾਂ ਨਹੀਂ ਗਿਆ, ਤੇ ਨਾ ਹੀ ਦਸੰਬਰ ਜਾਂ ਜਨਵਰੀ 'ਚ ਲੋਹਟ ਬੱਦੀ ਹੀ ਗਿਆ ਸਾਂ।

ਸਵਾਲ 25: ਕੀ ਤੁਸੀਂ ਰਾਸ ਬਿਹਾਰੀ ਬੋਸ ਨੂੰ 17 ਜਨਵਰੀ 1915 ਨੂੰ ਅੰਮ੍ਰਿਤਸਰ ਮਿਲੇ ਸਾਉ?

ਜਵਾਬ: ਮੈਂ ਇਸ ਵਿਅਕਤੀ ਨੂੰ 27 ਜਨਵਰੀ ਨੂੰ ਅੰਮ੍ਰਿਤਸਰ, ਬਾਬਾ ਅਟੱਲ ਨਾਂ ਦੇ ਮਕਾਨ 'ਚ ਮਿਲਿਆ ਸਾਂ ਕਿਉਂਕਿ ਅਸੀਂ ਆਪਣਾ ਅਖ਼ਬਾਰ ਬੰਗਾਲੀ 'ਚ ਵੀ ਕੱਢਣਾ ਚਾਹੁੰਦੇ ਸੀ। ਪਿੰਗਲੇ ਮੈਨੂੰ ਉਹਦੇ ਕੋਲ ਇਸੇ ਮਕਸਦ ਲਈ ਹੀ ਲੈ ਕੇ ਗਏ ਸੀ, ਤੇ ਉਹਨਾਂ ਸਾਡੀ ਬੇਨਤੀ ਪਰਵਾਨ ਕਰ ਲਈ ਸੀ।

ਸਵਾਲ 26: ਕੀ ਤੁਸੀਂ ਜਨਵਰੀ ਦੇ ਅੱਧ-ਵਿਚਾਲੇ ਜਹੇ ਗੁਰਮੁੱਖ ਸਿੰਘ ਲਲਤੋਂ, ਨਿਧਾਨ ਸਿੰਘ ਚੁਘਾ, ਕਿਹਰ ਸਿੰਘ ਸਾਹਨੇਵਾਲ ਅਤੇ ਪਿੰਗਲੇ ਨਾਲ ਸੁੱਚਾ ਸਿੰਘ (ਵਾਦਾ ਮਾਫ਼) ਪਾਸ ਸੀ ਅਤੇ ਉਥੇ ਬੰਬ ਬਨਾਉਣਾ ਸੁਝਾਇਆ ਸੀ?

ਜਵਾਬ: ਹਾਂ, ਮੈਂ ਜਨਵਰੀ 'ਚ ਕਿਹਰ ਸਿੰਘ ਅਤੇ ਗੁਰਮੁਖ ਸਿੰਘ ਨੂੰ ਜ਼ਰੂਰ ਮਿਲਿਆ ਸਾਂ, ਜੋ ਮੇਰੇ ਜਮਾਤੀ ਹਦੇ ਸਨ। ਨਿਧਾਨ ਸਿੰਘ ਵੀ ਉਥੇ ਹੀ ਸਨ, ਪਰ ਉਹ ਜਗ੍ਹਾ ਇੱਕ ਤੰਦੂਰ ਜਾਂ ਰੈਸਟੋਰੈਂਟ ਸੀ, ਅਤੇ ਉਥੇ ਬੰਬ ਬਨਾਉਣ ਬਾਰੇ ਤਾਂ ਕੋਈ ਗੱਲ ਨਹੀਂ ਸੀ ਹੋਈ।

ਸਵਾਲ 28: ਕੀ ਤੁਸੀਂ 22-23 ਜਨਵਰੀ 1915 ਨੂੰ ਲੁਧਿਆਣੇ ਸੀ ਤੇ ਉਥੋਂ ਬੰਬਾਂ ਨਾਲ ਲੈਸ ਹੋਕੇ ਸਾਹਨੇਵਾਲ ਡਕੈਤੀ ਲਈ ਗਏ ਸੀ?

ਜਵਾਬ: ਹਾਂ।

ਸਵਾਲ 31: ਕੀ ਤੁਸੀਂ ਮਨਸੂਰਾ ਡਕੈਤੀ ਵਿੱਚ ਸ਼ਾਮਲ ਸੀ? ਕੀ ਤੁਸਾਂ ਉਥੇ ਪਿੰਡ ਵਾਸੀਆਂ ਨੂੰ ਉਕਸਾਊ ਉਪਦੇਸ਼ ਦਿੱਤਾ ਸੀ?

ਜਵਾਬ: ਹਾਂ ਮੈਂ ਉਥੇ ਗਿਆ ਸੀ ਤੇ ਉਥੇ ਉਚੀ ਆਵਾਜ਼ ਨਾਲ ਐਲਾਨਿਆ ਸੀ ਕਿ ਸਾਨੂੰ ਕੇਵਲ 2000 ਰੁਪੈ ਚਾਹੀਦੇ ਹਨ, ਤੇ ਜੇ ਮਾਲਕ ਮਕਾਨ ਆਪ ਨਹੀਂ ਦੇਵੇਗਾ ਤਾਂ ਅਸੀਂ ਜਬਰੱਨ ਲੈ ਲਵਾਂਗੇ।

ਸਵਾਲ 33: ਕੀ ਤੁਸੀਂ ਜਨਵਰੀ 1915 ਦੌਰਾਨ ਪਿੰਗਲੇ ਤੇ ਸੂਚਾ ਸਿੰਘ (ਵਾਦਾ ਮਾਫ਼) ਨਾਲ ਯੂ.ਪੀ. ਵੱਲ ਨੂੰ ਗਏ ਸੀ, ਤੇ ਮੇਰਠ, ਆਗਰਾ, ਕਾਨਪੁਰ, ਅਲਾਹਾਬਾਦ ਅਤੇ ਲਖਨਊ ਵਿਖੇ ਛਾਉਣੀਆਂ 'ਚ ਵਿਚਰੇ ਸੀ?

ਜਵਾਬ: ਮੈਂ, ਪਿੰਗਲੇ ਤੇ ਸੂਚਾ ਸਿੰਘ ਇਹਨਾਂ ਛਾਉਣੀਆਂ 'ਚੇ ਗਏ ਜ਼ਰੂਰ ਸਾਂ, ਪਰ ਗਏ ਸਾਂ ਇਹ ਟੋਹ ਲਾਉਣ ਲਈ ਕਿ ਕੀ ਜੇ ਵਿਦੇਸ਼ੀ ਰਹਿੰਦੇ ਹਿੰਦੀਆਂ ਦੀਆਂ ਔਕੜਾ ਬਾਰੇ ਵਾਇਸਰਾਏ ਕੋਲ ਵਫ਼ਦ ਭੇਜਿਆ ਜਾਏ ਤਾਂ ਇਹਾ ਕੋਈ ਪ੍ਰਭਾਵ ਪਵੇਗਾ। ਸਾਡਾ ਫ਼ੌਜੀਆਂ ਨੂੰ ਮਿਲਣ ਦਾ ਮੂਲ-ਮੰਤਵ ਇਹ ਸੀ ਕਿ ਉਹ ਆਪਣੇ ਅਫ਼ਸਰਾਂ ਨੂੰ ਸਾਡੇ ਹੱਕ ਵਿੱਚ ਅਪਣਾ ਅਸਰ ਰਸੂਖ ਵਰਤਣ ਲਈ ਕਹਿਣ। ਅਸੀਂ ਉਹਨਾਂ ਨੂੰ ਵਰਗਲਾਉਣ ਲਈ ਨਹੀਂ ਸੀ ਗਏ।

ਸਵਾਲ 37: ਕੀ ਤੁਸੀਂ ਲਾਹੌਰ ਮਕਾਨ 'ਚ ਮਕਾਨ ਨੰ. 1 'ਚ 15 ਜਾਂ 16 ਫ਼ਰਵਰੀ ਨੂੰ ਹਾਜ਼ਰ ਸਾਉ, ਜਦੋਂ ਕਿ 21 ਫਰਵਰੀ ਨੂੰ ਬਲਵਾ ਕਰਨਾ ਤੈਅ ਹੋਇਆ ਸੀ?

ਜਵਾਬ: ਹਾਂ, ਮੈਂ 15 ਤਰੀਕ ਨੂੰ ਉਥੇ ਮੌਜੂਦ ਸਾਂ ਪਰ ਉਥੇ ਬਲਵੇ ਦੀ ਕੋਈ ਤਰੀਕ ਨਹੀਂ ਸੀ ਮਿਥੀ ਗਈ ਬਲਕਿ 21 ਫਰਵਰੀ ਨੂੰ ਅਖ਼ਬਾਰ ਦੇ ਮਾਮਲੇ ਤੇ ਵਿਚਾਰ ਲਈ ਮੀਟਿੰਗ ਤੈਅ ਹੋਈ ਸੀ।

ਸਵਾਲ 38: ਕੀ ਤੁਸੀਂ ਝੰਡੇ ਬਨਾਉਣ ਲਈ ਧਾਰੀਵਾਲ ਏਜੰਸੀ ਤੋਂ ਕਪੜਾ ਖਰੀਦਿਆ ਸੀ।

ਜਵਾਬ: ਹਾਂ।

ਸਵਾਲ 41: ਕੀ ਤੁਸੀਂ 18 ਫਰਵਰੀ ਨੂੰ ਫ਼ਿਰੋਜ਼ਪੁਰ ਗਏ ਸੀ, ਉਥੇ 19 ਤਰੀਕ ਰਾਤੀ ਅਸਲਾ ਖਾਨੇ ਤੇ ਧਾਵੇ ਦੀ ਯੋਜਨਾ ਬਨਾਈ ਸੀ।

ਜਵਾਬ : ਨਹੀਂ।

ਸਵਾਲ 42: ਕੀ ਤੁਸੀਂ 2 ਮਾਰਚ ਨੂੰ ਚੱਕ ਨੰ. 5 'ਚ ਗਏ ਸੀ, ਜਿੱਥੇ ਤੁਸੀਂ ਜਗਤ ਸਿੰਘ ਸੁਰਸਿੰਘ ਤੇ ਹਰਨਾਮ ਸਿੰਘ ਕੋਟਲਾ ਨੌਥ ਸਿੰਘ ਨਾਲ ਗ੍ਰਿਫਤਾਰ ਹੋਏ ਸੀ।

ਜਵਾਬ: ਹਾਂ।

ਸਵਾਲ 48: ਕੀ ਤੁਸੀਂ ਹੋਰ ਕੁੱਝ ਕਹਿਣਾ ਚਾਹੋਗੇ?

ਜਵਾਬ: ਮੈਂ ਪੁਲਿਸ ਨੂੰ ਝਕਾਨੀ ਦੇਣ ਖਾਤਰ ਲੋਢੋਵਾਲ ਉਤਰ ਜਾਂਦਾ ਸਾਂ ਤੇ ਉਥੋਂ ਪੈਦਲ ਲੁਧਿਆਣੇ ਜਾਂਦਾ ਸਾਂ...

ਸਵਾਨ 49: ਝੰਡੇ ਕਿਸ ਮਕਸਦ ਲਈ ਬਨਾਏ ਗਏ ਸੀ?

ਜਵਾਬ: ਇਹ ਯੁਗਾਂਤਰ ਆਸ਼ਰਮ ਦਾ ਪ੍ਰਤੀਕ ਸੀ, ਜਿਹੜਾ ਆਜ਼ਾਦੀ ਬਰਾਬਰ ਤੇ ਭਾਈਚਾਰਾ ਦਰਸਾਉਂਦਾ ਹੈ। ਅਸੀਂ ਬਨਾਉਣਾ ਤਾਂ ਇੱਕੋ ਹੀ ਚਾਹੁੰਦੇ ਸੀ, ਪਰ ਕਪੜਾ ਵਾਧੂ ਆ ਜਾਣ ਕਰਕੇ ਲੋੜੋ ਵੱਧ ਬਣ ਗਏ ਸਨ।

ਸਵਾਨ 51: ਤੁਸੀਂ ਕਿੰਨੀ ਕੁ ਥਾਈ ਪਿੰਗਲੇ ਨੂੰ ਸਿਪਾਹੀਆਂ ਨਾਲ ਮਿਲਵਾਇਆ ਸੀ?

ਜਵਾਬ: ਸਿਰਫ ਮੇਰਠ 'ਚ, ਬਤੌਰ ਸਾਥੀ ਦੇ।

ਸਵਾਲ 52: ਬੱਦੋਵਾਲ ਮੀਟਿੰਗ 'ਚ ਡਾਕਿਆਂ ਬਾਰੇ ਵਿਚਾਰ ਚਰਚਾ ਦੌਰਾਨ ਨਿਧਾਨ ਸਿੰਘ ਚੁਘਾ ਦਾ ਕੀ ਮੱਤ ਸੀ।

ਜਵਾਬ: ਉਹਨਾਂ ਨੇ ਡਾਕਿਆਂ ਦੀ ਮੁਖ਼ਾਲਫਤ ਕੀਤੀ ਸੀ।

ਅਦਾਲਤ: ਸਾਡੀ ਹਾਜ਼ਰੀ 'ਚ ਦਰਜ ਕੀਤਾ ਗਿਐ ਤੇ ਮੁਲਜ਼ਮ ਦੇ ਬਿਆਨ ਦਾ ਸਹੀ ਤੇ ਮੁਕੱਮਲ ਬਿਆਨ ਹੈ।

18.6.15

ਨੋਟ: ਜਿਹੜੇ ਸੱਜਣ ਪੂਰਾ ਬਿਆਨ ਦੇਖਣਾ ਚਾਹੁਣ ਤਾਂ ਉਹ ਮੂਲ-ਰੂਪ ਅੰਗਰੇਜ਼ੀ ਵਿੱਚ ਉਪਲਬਦ ਹੈ, ਜੋ ਲੇਖਕ ਨੂੰ ਈਮੇਲ ਦੁਆਰਾ ਈਮੇਲ ਆਈ.ਡੀ. ਭੇਜ ਕੇ ਸੋਫਟ ਕਾਪੀ ਜਾਂ ਡਾਕ ਪਤਾ ਭੇਜ ਕੇ ਪ੍ਰਿੰਟ ਕਾਪੀ ਲਈ ਜਾ ਸਕਦੀ ਹੈ।

ਪਿੰਡ ਤੇ ਡਾਕਘਰ ਸਕੇਤੜੀ, ਜ਼ਿਲ੍ਹਾ ਪੰਚਕੂਲਾ 134109

ਫੋਨ: 0172-2556314

ਈਮੇਲ: mjswaraich29@gmail.com

---